**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ**
**ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ।**
**ਵੈਬ-ਸਾਈਟ:- www.educationrecruitmentboard.com**

---

# ਪਬਲਿਕ ਨੋਟਿਸ

ਰਮਸਾ ਵੱਲੋਂ ਵੱਖ ਵੱਖ ਵਿਸਿਆਂ ਵਿੱਚ ਆਦਰਸ, ਮਾਡਲ ਅਤੇ ਰਮਸਾ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਕਰਨ ਲਈ ਡਾਟਾ **www.rmsa.ssapunjab.org** ਦੀ ਵੈਬਸਾਈਟ ਤੇ ਮਿਤੀ 27-11-2013 ਤੱਕ ਆਨਲਾਈਨ ਅਪਲਾਈ ਕਰਵਾਇਆ ਗਿਆ ਸੀ। ਸਬੰਧਤ ਪੋਸਟਾਂ ਦੀ ਤਿੰਨ ਗੁਣਾ ਮੈਰਿਟ ਵਾਲੇ ਯੋਗ ਉਮੀਦਵਾਰਾਂ ਦੀ ਮੈਰਿਟ ਸੂਚੀ ਵਿਭਾਗ ਦੀ ਵੈਬ ਸਾਈਟ **www.educationrecruitmentboard.com & www.rmsa.ssapunjab.org** ਤੇ ਪਾਈ ਗਈ ਸੀ। ਇਹਨਾਂ ਵਿਗਿਆਪਤ ਕੀਤੀਆਂ ਗਈਆਂ ਆਸਾਮੀਆਂ ਦੇ ਤਿੰਨ ਗੁਣਾ ਉਮੀਦਵਾਰਾਂ ਨੂੰ ਮੈਰਿਟ ਅਨੁਸਾਰ ਮਿਤੀ 09-12-2013 ਤੋਂ 31-12-2013 ਤੱਕ ਦਸਤਾਵੇਜਾ ਦੀ ਸਕਰੂਟਨੀ ਲਈ ਸ.ਸ.ਸ.ਸ 3ਬੀ-1, ਐਸ.ਏ.ਐਸ ਨਗਰ ਵਿੱਖੇ ਬੁਲਾਇਆ ਗਿਆ ਸੀ।ਇਸ ਸਕਰੂਟਨੀ ਦੌਰਾਨ ਕੁਝ ਉਮੀਦਵਾਰ ਗੈਰ-ਹਾਜ਼ਰ ਰਹੇ ਅਤੇ ਕੁਝ ਉਮੀਦਵਾਰਾਂ ਦੀ ਸਕਰੂਟਨੀ ਦੌਰਾਨ ਲੋੜੀਂਦੇ ਦਸਤਾਵੇਜ਼ ਪੇਸ਼ ਨਾ ਕਰ ਸਕਣ ਕਾਰਨ ਉਮੀਦਵਾਰਾਂ ਦੀ ਜੋ ਟੈਂਨਟੇਟਿਵ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਸੀ,ਹੁਣ ਉਸ ਤੋਂ ਘੱਟ ਗਈ ਹੈ।ਜਿਸ ਕਾਰਨ ਇੰਟਰਵਿਊ ਲਈ ਤਿੰਨ ਗੁਣਾ ਉਮੀਦਵਾਰ ਪੂਰੇ ਕਰਨ ਲਈ ਜਿਹੜੇ ਉਮੀਦਵਾਰਾਂ ਦੀ ਮੈਰਿਟ ਸਕਰੂਟਨੀ ਕੀਤੇ ਗਏ ਉਮੀਦਵਾਰਾਂ ਨਾਲੋਂ ਵੱਧ ਹੈ ,ਦੇ ਦਸਤਾਵੇਜ਼ਾ ਦੀ ਸਕਰੂਟਨੀ ਲਈ ਹੇਠਾਂ ਦਰਸਾਈਆਂ ਮਿਤੀਆਂ ਅਨੁਸਾਰ **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 3-ਬੀ-1, ਐਸ.ਏ.ਐਸ ਨਗਰ ਵਿਖੇ ਸਵੇਰੇ 09.00 ਵਜੇ ਤੋਂ ਸਾਮ 5.00 ਵਜੇ ਤੱਕ** ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਪੀ.ਐਸ.ਟੀ.ਈ.ਟੀ.-2 ਪਾਸ ਕਰਨ ਦਾ ਸਬੂਤ, ਕੰਪਿਊਟਰ ਵਿੱਚ ਡਾਊਨ ਲੋਡ ਕੀਤਾ ਰਜਿਸਟ੍ਰੇਸ਼ਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਨੋਟ:-

1 ਜਿਹੜੇ ਉਮੀਦਵਾਰ ਮਿਤੀ 09-12-2013 ਤੋਂ 31-12-2013 ਤੱਕ ਦਸਤਾਵੇਜਾਂ ਦੀ ਸਕਰੂਟਨੀ ਦੌਰਾਨ ਹਾਜਰ ਹੋਏ ਸਨ ਉਹਨਾ ਉਮੀਦਵਾਰਾਂ ਨੇ ਗਰੈਜੂਏਸ਼ਨ / ਬੀ.ਐਡ ਵਿੱਚ ਵਾਧੂ ਵਿਸ਼ਾ ਪਾਸ ਕੀਤਾ ਹੈ,ਪਰੰਤੂ ਉਹ ਵਾਧੂ ਵਿਸ਼ੇ ਤੋਂ ਬਗੈਰ ਹੀ ਸਬੰਧਤ ਪੋਸਟ ਲਈ ਯੋਗ ਸਨ।ਉਹਨਾਂ ਦੇ ਦਸਤਾਵੇਜ਼ਾ ਦੀ ਸਕਰੂਟਨੀ ਦੌਰਾਨ ਮੈਰਿਟ ਵਿੱਚ ਵਾਧੂ ਵਿਸ਼ੇ ਦੇ ਅੰਕ ਨਹੀਂ ਜੋੜੇ ਗਏ।ਜੇਕਰ ਉਹ ਉਮੀਦਵਾਰ ਵਾਧੂ ਵਿਸ਼ੇ ਦੇ ਅੰਕ ਜੋੜ ਕੇ ਮੈਰਿਟ ਬਣਾਉਣੀ ਚਾਹੁੰਦੇ ਹਨ।ਤਾਂ ਉਹ ਵੈਬਸਾਈਟ ਤੇ ਦਰਸਾਏ ਸਡਿਊਲ ਅਨੁਸਾਰ ਵਾਧੂ ਵਿਸ਼ੇ ਵਿੱਚ ਪ੍ਰਾਪਤ ਅੰਕਾਂ ਦੇ ਸਰਟੀਫਿਕੇਟ ਜਮਾਂ ਕਰਵਾ ਸਕਦੇ ਹਨ।

2. ਇੱਥੇ ਇਹ ਸਪਸਟ ਕੀਤਾ ਜਾਦਾ ਹੈ ਕਿ **ਇਹ ਵਿਗਿਆਪਨ ਉਹਨਾਂ ਉਮੀਦਵਾਰਾਂ ਲਈ ਨਹੀਂ ਹੈ ਜਿਹੜੇ ਉਮੀਦਰਵਾਰ ਮਿਤੀ 09-12-2013 ਤੋਂ 31-12-2013 ਤੱਕ ਕੀਤੀ ਦਸਤਾਵੇਜਾਂ ਦੀ ਸ਼ਕਰੂਟਨੀ ਦੌਰਾਨ ਗੈਰਹਾਜਰ ਸਨ।** ਇਸ ਸੰਬੰਧ ਵਿਚ, ਇਸ ਭਰਤੀ ਲਈ ਦਿੱਤੇ ਵਿਗਿਆਪਨ ਦੀ ਸਰਤ ਨੰ 20 ਅਨੁਸਾਰ ਕਾਉਂਸਲਿੰਗ/ਇੰਟਰਵਿਊ ਲਈ ਦੁਬਾਰਾ ਹੋਰ ਕੋਈ ਮੌਕਾ ਨਹੀ ਦਿੱਤਾ ਜਾਵੇਗਾ, ਕਿਉ ਕਿ ਮਿਤੀ 09-12-2013 ਤੋਂ 31-12-2013 ਤੱਕ ਉਮੀਦਰਵਾਰਾਂ ਨੂੰ ਦਸਤਾਵੇਜਾਂ ਦੀ ਸ਼ਕਰੂਟਨੀ ਲਈ ਪਹਿਲਾਂ ਹੀ ਦੋ ਮੌਕੇ ਦਿੱਤੇ ਗਏ ਸਨ।

| ਲੜੀ ਨੰ | ਮਿਤੀ | ਵੇਰਵੇ |
|---|---|---|
| 1 | 06-02-2014 | **ਮਾਡਲ ਸਕੂਲਾਂ ਵਿੱਚ ਪੀ.ਜੀ.ਟੀ ਹਿਸਟਰੀ, ਅੰਗਰੇਜੀ, ਇਕਨਾਮਿਕਸ, ਬਾਇਓਲੋਜੀ, ਪੰਜਾਬੀ,** ਜ਼ੌਗਰਫੀ, ਕੈਮਿਸਟਰੀ, ਕੰਪਿਊਟਰ, ਕਾਮਰਸ, ਪੋਲੀਟੀਕਲ ਸਾਇੰਸ, ਹਿਸਾਬ, ਫਿਜਿਕਸ **ਅਤੇ ਪ੍ਰਿੰਸੀਪਲ ਦੀਆਂ ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ।** |
| 2 | 07-02-2014 | **ਮਾਡਲ ਸਕੂਲਾਂ ਦੇ ਟੀ.ਜੀ.ਟੀ ਪੰਜਾਬੀ,** ਹਿਸਾਬ, ਸਾਇੰਸ, ਕੰਪਿਊਟਰ, **ਅੰਗਰੇਜੀ,** ਸਮਾਜਿਕ ਸਿੱਖਿਆ, ਡਰਾਇੰਗ, **ਅਤੇ** ਫਿਜੀਕਲ **ਦੀਆਂ ਸਾਰੀਆਂ ਕੈਟਾਗਿਰੀਆਂ ਅਤੇ ਆਦਰਸ ਸਕੂਲਾਂ ਦੇ ਪੀ.ਜੀ.ਟੀ ਅੰਗਰੇਜੀ, ਪੰਜਾਬੀ, ਹਿਸਾਬ, ਫਿਜਿਕਸ, ਕੈਮਿਸਟਰੀ, ਬਾਇਓ, ਹਿਸਟਰੀ, ਇਕਨਾਮਿਕਸ,** ਪੋਲੀਟੀਕਲ ਸਾਇੰਸ, ਕੰਪਿਊਟਰ ਅਤੇ ਟੀ.ਜੀ.ਟੀ ਹਿੰਦੀ, ਪੰਜਾਬੀ, ਹਿਸਾਬ, ਸਾਇੰਸ, ਸਮਾਜਿਕ ਸਿੱਖਿਆ, ਕੰਪਿਊਟਰ ਅਤੇ ਅੰਗਰੇਜ਼ੀ **ਦੀਆਂ ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ।** |
| 3 | 08-02-2014 | ਰਮਸਾ ਦੇ ਸਕੂਲਾਂ ਵਿੱਚ ਟੀ.ਜੀ.ਟੀ ਸਮਾਜਿਕ ਸਿੱਖਿਆ **ਅਤੇ ਅੰਗਰੇਜੀ** ਵਿਸ਼ੇ ਦੀਆਂ **ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ ।** |
| 4 | 10-02-2014 | ਰਮਸਾ ਦੇ ਸਕੂਲਾਂ ਵਿੱਚ ਟੀ.ਜੀ.ਟੀ ਪੰਜਾਬੀ, ਹਿੰਦੀ, ਸਾਇੰਸ, ਹਿਸਾਬ ਵਿਸ਼ੇ ਦੀਆਂ **ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ ।** |
| 5 | 11-02-2014 | **ਰਮਸਾ ਸਕੂਲਾਂ ਦੇ ਹੈਡ**-ਮਾਸਟਰ ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ **ਵੈਬਸਾਈਟ ਤੇ ਪਾਈ ਲਿਸਟ ਅਨੁਸਾਰ (ਕੇਵਲ ਉਹੀ ਉਮੀਦਵਾਰ ਸਕਰੂਟਨੀ ਦੌਰਾਨ ਹਾਜਰ ਹੋਣ ਜਿਹਨਾਂ ਦਾ ਤਜਰਬਾ ਵਿਗਿਆਪਨ ਦੀਆਂ ਸਰਤਾਂ ਅਨੁਸਾਰ ਪੂਰਾ ਬਣਦਾ ਹੈ)** |

1. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋ ਬਾਅਦ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਜੇ ਕਿਸੇ ਉਮੀਦਵਾਰ ਦੀ ਇੱਕ ਤੋਂ ਵੱਧ ਵਿਸਿਆਂ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋਂ ਵੱਧ ਮੈਰਿਟ ਵਿੱਚ ਆਉਂਦਾ/ ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਦਿਨਾਂ ਵਿੱਚ ਕਿਸੇ ਇੱਕ ਵਿਸੇ ਵਿੱਚ ਆਪਸਨ ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ ਵਿਖੇ ਦੇਣੀ ਪਵੇਗੀ ਅਤੇ ਖਾਲੀ ਰਹਿ ਗਈਆਂ ਆਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।
6. **www.rmsa.ssapunjab.org & www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।
8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।
9. ਸਾਰੇ ਅਸਲ ਦਸਤਾਵੇਜ ਵੀ ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।
10. ਤਰਜਬਾ ਸਰਟੀਫਿਕੇਟ ਸਿਰਫ ਪ੍ਰਿੰਸੀਪਲ/ਮੁੱਖ ਅਧਿਆਪਕਾਂ ਦੀਆਂ ਆਸਾਮੀਆਂ ਤੇ ਹੀ ਲਾਗੂ ਹੈ ਅਤੇ ਇਹ ਵਿਗਿਆਪਨ ਅਨੁਸਾਰ ਦਿੱਤੇ ਗਏ ਅਨੁਲੱਗ 'ੳ' ਤੇ ਹੀ ਹੋਣਾ ਚਾਹੀਦਾ ਹੈ।

30/1/14

**ਸਹਾਇਕ ਡਾਇਰੈਕਟਰ**
**ਸਿੱਖਿਆ ਭਰਤੀ ਬੋਰਡ।**